# कल तारण गुरु नानक आया

ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਸੁਣੀ ਪੁਕਾਰ, ਦਾਤਾਰ ਪ੍ਰਭੁ,
ਗੁਰੁ ਨਾਨਕ, ਜਗ ਮਾਹਿ ਪਠਾਇਆ* ॥
ਗੁਰੁ ਨਾਨਕ, ਜਗ ਮਾਹਿ ਪਠਾਇਆ,,,
ਨਾਨਕ ਆਇਆ, ਨਾਨਕ ਆਇਆ,
ਸਤਿਨਾਮ ਪੜਿ, ਮੰਤਰ ਸੁਣਾਇਆ

ਚਰਨ ਧੋਇ, ਰਹਰਾਸਿ ਕਰਿ,
ਚਰਨਾਮ੍ਰਿਤ, ਸਿਖਾਂ ਪਿਲਾਇਆ* ॥
ਚਰਨਾਮ੍ਰਿਤ, ਸਿਖਾਂ ਪਿਲਾਇਆ,,,
ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਪਾਰਬ੍ਰਹਮ, ਪੂਰਨ ਬ੍ਰਹਮ,
ਕਲਿਜੁਗ ਅੰਦਰਿ, ਇਕ ਦਿਖਾਇਆ* ॥
ਕਲਿਜੁਗ ਅੰਦਰਿ, ਇਕ ਦਿਖਾਇਆ,,,
ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਚਾਰੇ ਪੈਰ, ਧਰਮ ਦੇ,
ਚਾਰਿ ਵਰਨ, ਇਕ ਵਰਨੁ ਕਰਾਇਆ* ॥
ਚਾਰਿ ਵਰਨ, ਇਕ ਵਰਨੁ ਕਰਾਇਆ,,,
ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਰਾਣਾ ਰੰਕ, ਬਰਾਬਰੀ,
ਪੈਰੀਂ ਪਵਣਾ, ਜਗਿ ਵਰਤਾਇਆ* ॥
ਪੈਰੀਂ ਪਵਣਾ, ਜਗਿ ਵਰਤਾਇਆ,,,
ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਉਲਟਾ ਖੇਲ, ਪਿਰੰਮ ਦਾ,
ਪੈਰਾਂ ਉਪਰਿ, ਸੀਸ ਨਿਵਾਇਆ* ॥
ਪੈਰਾਂ ਉਪਰਿ, ਸੀਸ ਨਿਵਾਇਆ,,,
ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਕਲਿਜੁਗ ਬਾਬੇ, ਤਾਰਿਆ,
ਸਤਿਨਾਮ ਪੜਿ, ਮੰਤਰ ਸੁਣਾਇਆ* ॥
ਸਤਿਨਾਮ ਪੜਿ, ਮੰਤਰ ਸੁਣਾਇਆ,,,

ਨਾਨਕ ਆਇਆ, ਨਾਨਕ ਆਇਆ,
"ਕਲਿ ਤਾਰਨ, ਗੁਰੂ ਨਾਨਕ ਆਇਆ x॥" ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/29478/title/kal-taaran-guru-nanak-aaya

अपने Android मोबाइल पर BhajanGanga App डाउनलोड करें और भजनों का आनंद ले |